
Punjabi

**Australian Government**
**Civil Aviation Safety Authority**




# ਆਪਣੀ ਉਡਾਣ ਨੂੰ ਖੁੰਝਾਉਣਾ ਫਾਇਦੇਮੰਦ ਸੌਦਾ ਨਹੀਂ ਹੈ। ਚੈੱਕ-ਇਨ ਜਾਂ ਸੁਰੱਖਿਆ ਜਾਂਚ ਵਿੱਚ ਦੇਰੀ ਹੋਣ ਦਾ ਜ਼ੋਖਮ ਨਾ ਲਓ - ਸਾਮਾਨ ਨੂੰ ਸਹੀ ਢੰਗ ਨਾਲ ਪੈਕ ਕਰੋ!

**ਖ਼ਤਰਨਾਕ ਸਮਾਨ ਉਹ ਵਸਤੂਆਂ ਹੁੰਦੀਆਂ ਹਨ, ਜੋ ਜਹਾਜ਼ ਵਿੱਚ ਨੁਕਸਾਨਦੇਹ ਜਾਂ ਅਸੁਰੱਖਿਅਤ ਹੋ ਸਕਦੀਆਂ ਹਨ। ਉਹ ਜਲਣਸ਼ੀਲ, ਵਿਸਫੋਟਕ, ਜ਼ਹਿਰੀਲੀਆਂ ਹੋ ਸਕਦੀਆਂ ਹਨ, ਜਾਂ ਹੋਰ ਪਦਾਰਥਾਂ ਨਾਲ ਖ਼ਤਰਨਾਕ ਤਰੀਕੇ ਨਾਲ ਪ੍ਰਤੀਕਿਰਿਆ ਕਰ ਸਕਦੀਆਂ ਹਨ।**

ਕੁੱਝ ਖ਼ਤਰੇ ਵਾਲੀਆਂ ਚੀਜ਼ਾਂ ਉਡਾਣਾਂ ਵਿੱਚ ਲੈ ਕੇ ਜਾਣੀਆਂ ਪਾਬੰਦੀਸ਼ੁਦਾ ਹਨ। ਜਦੋਂਕਿ ਬਾਕੀਆਂ ਨੂੰ ਪੈਕ ਕੀਤਾ ਜਾ ਸਕਦਾ ਹੈ, ਪਰ ਸਿਰਫ਼ ਏਅਰਲਾਈਨ ਦੀ ਪ੍ਰਵਾਨਗੀ ਨਾਲ ਜਾਂ ਵਿਸ਼ੇਸ਼ ਪੈਕਿੰਗ ਕਰਕੇ।

ਖ਼ਤਰੇ ਵਾਲੀਆਂ ਆਮ ਚੀਜ਼ਾਂ ਵਿੱਚ ਹੇਠ ਲਿਖੀਆਂ ਚੀਜ਼ਾਂ ਸ਼ਾਮਲ ਹਨ:

- ਵੈਪ ਅਤੇ ਈ-ਸਿਗਰਟ
- ਬੈਟਰੀਆਂ ਅਤੇ ਪਾਵਰ ਬੈਂਕ
- ਐਰੋਸੋਲ ਅਤੇ ਟਾਇਲਟਰੀਜ਼
- ਸਾਫ਼-ਸਫ਼ਾਈ ਉਤਪਾਦ ਅਤੇ ਰਸਾਇਣ
- ਬਾਲਣ ਅਤੇ ਪੈਟਰੋਲ ਨਾਲ ਚੱਲਣ ਵਾਲੀਆਂ ਵਸਤੂਆਂ
- ਮਾਚਿਸ, ਲਾਈਟਰ ਅਤੇ ਆਤਿਸ਼ਬਾਜ਼ੀ।

ਹਵਾਈ ਅੱਡੇ ਖ਼ਤਰਨਾਕ ਸਮਾਨ ਦੀ ਜਾਂਚ ਕਰਨ ਲਈ ਕੈਰੀ-ਆਨ ਅਤੇ ਚੈੱਕ-ਇਨ ਕੀਤੇ ਬੈਗ ਦੀ ਨਿਯਮਿਤ ਤੌਰ 'ਤੇ ਜਾਂਚ ਕਰਦੇ ਹਨ। ਜੇਕਰ ਤੁਹਾਡੇ ਚੈੱਕ-ਇਨ ਕੀਤੇ ਬੈਗ ਵਿੱਚ ਖ਼ਤਰਨਾਕ ਸਮਾਨ ਮਿਲ ਜਾਂਦਾ ਹੈ, ਤਾਂ ਤੁਹਾਡਾ ਬੈਗ ਬਾਹਰ ਕੱਢਿਆ ਜਾ ਸਕਦਾ ਹੈ, ਅਤੇ ਤੁਸੀਂ ਆਪਣੀ ਉਡਾਣ ਖੁੰਝਾ ਸਕਦੇ ਹੋ। ਜਦੋਂ ਤੁਸੀਂ ਔਨਲਾਈਨ ਜਾਂ ਹਵਾਈ ਅੱਡੇ 'ਤੇ ਜਾ ਕੇ ਚੈੱਕ ਇਨ ਕਰਦੇ ਹੋ, ਤਾਂ ਤੁਹਾਨੂੰ ਆਪਣੇ ਸਮਾਨ ਵਿਚ ਮੌਜੂਦ ਖ਼ਤਰਨਾਕ ਸਮਾਨ ਦੀ ਘੋਸ਼ਣਾ ਕਰਨੀ ਲਾਜ਼ਮੀ ਹੈ।

ਜੇਕਰ ਤੁਸੀਂ ਘੋਸ਼ਣਾ ਨਹੀਂ ਕਰਦੇ, ਜਾਂ ਗੁੰਮਰਾਹਕੁੰਨ ਜਾਂ ਝੂਠੀ ਘੋਸ਼ਣਾ ਕਰਦੇ ਹੋ, ਤਾਂ ਤੁਹਾਨੂੰ ਗੰਭੀਰ ਜੁਰਮਾਨਾ ਹੋ ਸਕਦਾ ਹੈ - 7 ਸਾਲ ਤੱਕ ਦੀ ਕੈਦ ਵੀ ਹੋ ਸਕਦੀ ਹੈ।

## ਕੈਬਿਨ ਵਿੱਚ ਲਿਆਉਣ ਲਈ ਆਗਿਆ ਸ਼ੁਦਾ

### ਸਿਰਫ਼ ਤੁਹਾਡੇ ਕੋਲ ਤੁਹਾਡੀ ਜੇਬ ਵਿੱਚ

- ਸਿਗਰਟ ਲਾਈਟਰ
- ਮਾਚਿਸ

### ਸਿਰਫ਼ ਹੱਥ ਵਿਚਲੇ ਬੈਗ ਵਿੱਚ

- ਵੈਪ ਅਤੇ ਈ-ਸਿਗਰਟ
- ਲਿਥੀਅਮ
  ਪਾਵਰ ਬੈਂਕ ਅਤੇ ਵਾਧੂ ਬੈਟਰੀਆਂ

## ਆਪਣੀ ਏਅਰਲਾਈਨ ਨਾਲ ਜਾਂਚ ਕਰੋ

- ਪਾਵਰ ਟੂਲ
- ਕੈਂਪ ਸਟੋਵ
- ਗੋਲਾ ਬਾਰੂਦ
- ਮੈਡੀਕਲ ਗੈਸ ਸਿਲੰਡਰ

## ਪਾਬੰਦੀਸ਼ੁਦਾ ਵਸਤੂਆਂ

- ਜਲਣਸ਼ੀਲ ਪਦਾਰਥ
- ਬਲੀਚ
- ਜ਼ਹਿਰੀਲੇ ਪਦਾਰਥ
- ਆਕਸੀਡਾਈਜ਼ਰ
- ਖੋਰੂ ਪਦਾਰਥ
- ਮਿਰਚ ਵਾਲੀ ਸਪਰੇਅ
- ਗੈਸ
- ਵਿਸਫੋਟਕ
- ਆਤਿਸ਼ਬਾਜ਼ੀਆਂ
- >160Wh
  ਵੱਡੀਆਂ ਬੈਟਰੀਆਂ

**ਉਡਾਣ ਭਰਨ ਤੋਂ ਪਹਿਲਾਂ, ਔਨਲਾਈਨ ਜਾਂ ਆਪਣੀ ਏਅਰਲਾਈਨ ਨਾਲ ਗੱਲ ਕਰਕੇ ਜਾਂਚ ਕਰੋ।**
**casa.gov.au/packright**

**PACK RIGHT. SAFE FLIGHT.**

2502.5096